BC Health Regulators

*Our Purpose, Your Safety*

### ਰੈਗੂਲੇਟਰੀ ਕਾਲਜ

College of Chiropractors of BC

College of Dental Hygienists of BC

College of Dental Surgeons of BC

College of Dental Technicians of BC

College of Denturists of BC

College of Dieticians of BC

College of Licensed Practical Nurses of BC

College of Massage Therapists of BC

College of Midwives of BC

College of Naturopathic Physicians of BC

College of Occupational Therapists of BC

College of Opticians of BC

College of Optometrists of BC

College of Pharmacists of BC

College of Physical Therapists of BC

College of Physicians and Surgeons of BC

College of Podiatric Surgeons of BC

College of Psychologists of BC

College of Registered Nurses of BC

College of Registered Psychiatric Nurses of BC

College of Social Workers of BC

College of Speech and Hearing Health Professionals of BC

College of Traditional Chinese Medicine Practitioners and Acupuncturists of BC

# ਹੈਲਥ ਪ੍ਰੋਫੈਸ਼ਨਜ਼ ਰਿਵੀਊ ਬੋਰਡ

ਹੈਲਥ ਪ੍ਰੋਫੈਸ਼ਨਜ਼ ਰਿਵੀਊ ਬੋਰਡ ਇਕ ਗਰੁੱਪ ਹੈ (ਪ੍ਰਬੰਧਕੀ ਟ੍ਰਿਬਿਊਨਲ) ਜੋ ਕਿ ਹੈਲਥ ਪ੍ਰੋਫੈਸ਼ਨਜ਼ ਐਕਟ ਅਧੀਨ ਤਿਆਰ ਕੀਤਾ ਗਿਆ ਸੀ। ਜੇ ਕੋਈ ਸ਼ਿਕਾਇਤ ਕਰਦਾ ਹੈ ਅਤੇ ਇਸ ਦੇ ਨਤੀਜੇ ਤੋਂ ਸੰਤੁਸ਼ਟ ਨਹੀਂ ਹੈ, ਉਹ ਮਸਲੇ ਬਾਰੇ ਉਨ੍ਹਾਂ ਨੂੰ ਵਿਚਾਰ ਕਰਨ ਲਈ ਕਹਿ ਸਕਦਾ ਹੈ।

ਰਿਵੀਊ ਬੋਰਡ ਇਨ੍ਹਾਂ ਸਿਹਤ ਕਿੱਤਿਆਂ ਦੇ ਸਵੈ-ਪ੍ਰਬੰਧ ਵਾਲੇ ਕਾਲਜਾਂ ਵਲੋਂ ਕੀਤੇ ਗਏ ਖਾਸ ਫੈਸਲਿਆਂ ਬਾਰੇ ਆਜ਼ਾਦੀ ਨਾਲ ਵਿਚਾਰ ਕਰਦਾ ਹੈ। ਰਿਵੀਊ ਬੋਰਡ, ਕਾਲਜਾਂ ਦੀਆਂ ਸ਼ਿਕਾਇਤਾਂ ਦੀ ਇਨਕੁਆਰੀ ਕਰਨ ਵਾਲੀਆਂ ਕਮੇਟੀਆਂ ਅਤੇ ਰਜਿਸਟਰੇਸ਼ਨ ਕਮੇਟੀਆਂ ਦੀਆਂ ਸਰਗਰਮੀਆਂ `ਤੇ ਨਿਗ੍ਹਾ ਰੱਖਦਾ ਹੈ। ਉਹ ਅਜਿਹਾ ਇਹ ਪੱਕਾ ਕਰਨ ਲਈ ਕਰਦੇ ਹਨ ਕਿ ਕਮੇਟੀਆਂ ਲੋਕਾਂ ਦੇ ਹਿੱਤਾਂ ਵਿਚ ਅਤੇ ਕਾਨੂੰਨ ਦੇ ਉਦੇਸ਼ ਮੁਤਾਬਕ ਆਪਣੇ ਫਰਜ਼ ਨਿਭਾ ਰਹੀਆਂ ਹਨ। ਰਿਵੀਊ ਬੋਰਡ ਪਬਲਿਕ ਦੇ ਮੈਂਬਰਾਂ ਲਈ ਅਤੇ ਇਸ ਦੇ ਨਾਲ ਨਾਲ ਸਿਹਤ ਮਾਹਰਾਂ ਲਈ ਇਕ ਨਿਰਪੱਖ ਫੋਰਮ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਮਸਲਿਆਂ ਦਾ ਹੱਲ ਕਰ ਸਕਣ ਜਾਂ ਕਾਲਜਾਂ ਦੇ ਫੈਸਲਿਆਂ `ਤੇ ਵਿਚਾਰ ਕਰਵਾ ਸਕਣ।

ਰਿਵੀਊ ਬੋਰਡ, ਹੈਲਥ ਕੇਅਰ ਸਿਸਟਮ ਵਿਚ ਸੁਧਾਰ ਕਰਨ ਲਈ ਵੀ ਮਦਦ ਕਰਦਾ ਹੈ ਅਤੇ ਰਜਿਸਟਰੇਸ਼ਨਾਂ, ਇਨਕੁਆਰੀ ਅਤੇ ਅਨੁਸਾਸ਼ਨੀ ਕਾਰਵਾਈਆਂ ਦੇ ਪਾਰਦਰਸ਼ੀ, ਨਿਰਪੱਖ ਅਤੇ ਵਾਜਬ ਤਰੀਕਿਆਂ ਲਈ ਕਾਲਜਾਂ ਦੀ ਮਦਦ ਕਰਨ ਲਈ ਸੇਧਾਂ ਅਤੇ ਸਿਫਾਰਸਾਂ ਤਿਆਰ ਕਰਕੇ ਅਤੇ ਛਾਪ ਕੇ ਬ੍ਰਿਟਿਸ਼ ਕੋਲੰਬੀਆ ਵਿਚ ਜਨਤਕ ਹਿੱਤਾਂ ਦੀ ਸੇਵਾ ਕਰਦਾ ਹੈ।

ਹੈਲਥ ਪ੍ਰੋਫੈਸ਼ਨਜ਼ ਰਿਵੀਊ ਬੋਰਡ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ www.hprb.gov.bc.ca `ਤੇ ਉਨ੍ਹਾਂ ਦਾ ਵੈੱਬਸਾਈਟ ਦੇਖੋ।